Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

ੴ ਸਤਿਗੁਰ ਪ੍ਰਸਾਦਿ।

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ 345

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ
ਤਾਂ ਵਪਾਰੀ ਜਾਣੀਅਹੁ ਲਾਹਾ ਲੈ ਜਾਵਹੁ

# ਕੀ ਧਰਮ ਉਨਤੀ ਦੇ ਰਸਤੇ ਵਿਚ ਰੁਕਾਵਟ ਹੈ ?

## ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਡਾਕ ਘਰ ਸਨੌਰ ਪਟਿਆਲਾ।
ਪੰਜਾਬ ਇੰਡੀਆ

ਮੁੱਲ 90 ਪੈਸੇ

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਮਿਸ਼ਨ ਆਪਣੀ ਅਵਸਥਾ ਦੇ ਪੰਝੀ ਸਾਲ ਪੂਰੇ ਕਰਕੇ ਜੁਲਾਈ 1988 ਤੋਂ ਛਬੀਵੇਂ ਸਾਲ ਵਿਚ ਪਰਵੇਸ਼ ਕਰ ਚੁਕਾ ਹੈ। ਬੀਤੇ 25 ਸਾਲਾਂ ਅੰਦਰ ਮਿਸ਼ਨ ਨੇ ਮਿਥੇ ਉਦੇਸ਼ ਅਨੁਸਾਰ ਗੁਰਮਤਿ ਵਿਚਾਰ ਧਾਰਾ, ਸਿਖ ਇਤਿਹਾਸ ਤੇ ਪਰੰਪਰਾ ਅਤੇ ਵਰਤਮਾਨ ਸਿਖ ਮਸਲਿਆਂ ਤੇ 340 ਦੇ ਕਰੀਬ ਟ੍ਰੈਕਟਾਂ ਤੇ ਕਈ ਟ੍ਰੈਕਟਾਂ ਦੀਆਂ ਵਧੇਰੀਆਂ ਐਡੀਸ਼ਨ ਪ੍ਰਕਾਸ਼ਤ ਕੀਤੀਆਂ ਹਨ ਮਿਸ਼ਨ ਦੇ 25 ਸਾਲ ਸਫਲਤਾ ਪੂਰਬਕ ਸੰਪੂਰਨ ਹੋਣ ਦੀ ਯਾਦ ਵਿਚ ਮਿਸ਼ਨ ਵਲੋਂ ਸਾਲ 1989 ਦੀ ਨਿਰਾਲੀ ਕਿਸਮ ਦੀ ਡਾਇਰੀ ਪ੍ਰਕਾਸ਼ਤ ਕੀਤੀ ਜਾ ਰਹੀ ਹੈ ਜਿਸ ਵਿਚ ਸੰਨ ਈਸਵੀ ਅਤੇ ਬਿਕ੍ਰਮੀ ਦੀਆਂ ਦਿਨਵਾਰ ਤਾਰੀਖਾਂ ਤੋਂ ਇਲਾਵਾ ਮਿਸ਼ਨ ਦੇ ਉਦੇਸ਼ ਅਨਕੂਲ ਹੇਠ ਲਿਖੀ ਜਾਣਕਾਰੀ ਪੰਜਾਬੀ ਸ਼ਬਦਾਂ ਵਿਚ ਉਪਲਬਧ ਹੋਵੇਗੀ।

1 ਸਾਲ ਭਰ ਦੀ ਹਰ ਤਾਰੀਖ ਦੇ ਸਫੇ ਉਪਰ ਗੁਰਬਾਣੀ ਦੀ ਵਿਸ਼ੇਸ਼ ਸ਼ਤਰ ਦਰਜ ਹੋਵੇਗਾ।

2 ਹਰ ਦੇਸੀ ਮਹੀਨੇ ਦੀ ਸੰਗ੍ਰਾਂਦ ਵਾਲੀ ਤਾਰੀਖ ਹੇਠ ਬਾਰਾ ਮਾਹ ਮਾਝ ਮਹਲ 4 ਦਾ ਸੰਬੰਧਤ ਸ਼ਬਦ ਅਤੇ ਉਸ ਮਹੀਨੇ ਦੇ ਪਹਿਲੇ ਛੇ ਸਫਿਆਂ ਉਪਰ ਬਾਰਾ ਮਾਹ ਤੁਖਾਰੀ ਮਹਲਾ ੧ ਦੀ ਇਕ ਇਕ ਤੁਕ ਹੋਵੇਗੀ।

3 ਸਾਲ ਭਰ ਅੰਦਰ ਆਏ ਗੁਰਪੁਰਬ ਤਾਰੀਖ ਵਾਰ ਦਰਜ ਹੋਣਗੇ।

4 ਡਾਇਰੀ ਦੇ ਅਰੰਭ ਵਿਚ ਦਸ ਗੁਰੂ ਸਾਹਿਬਾਨ ਦਾ ਸੰਪੂਰਨ ਜੀਵਨ ਬਿਉਰਾ, ਪੰਜ ਪਿਆਰਿਆਂ ਤੇ ਚਾਰ ਸਾਹਿਬਜ਼ਾਦਿਆਂ ਦੇ ਨਾਮ ਦੀ ਸੰਖੇਪ ਜਾਣਕਾਰੀ ਹੋਵੇਗੀ

5 ਪੰਜ ਤਖਤਾਂ ਪਰਮੁਖ ਇਤਹਾਸਕ ਗੁਰਦੁਆਰਿਆਂ ਤੇ ਵਿਸ਼ੇਸ਼ ਸਿਖ ਸ਼ਹੀਦਾਂ ਅਤੇ ਹੋਰ ਪਰਮੁਖ ਸਿਖ ਹਸਤੀਆਂ ਬਾਰੇ ਸੰਖੇਪ ਜਾਣਕਾਰੀ ਹੋਵੇਗੀ। ਮਿਸ਼ਨ ਵਲੋਂ ਪ੍ਰਕਾਸ਼ਤ ਹੋਈਆਂ ਵਿਸ਼ੇਸ਼ ਪੁਸਤਕਾਂ ਦੀ ਸੂਚੀ ਹੋਵੇਗੀ

ਇਹ ਡਾਇਰੀ ਗੁਰੂ ਨਾਨਕ ਦੇਵ ਮਿਸ਼ਨ ਡਾਕਘਰ, ਸਨੌਰ ਜ਼ਿਲਾ ਪਟਿਆਲਾ ਤੋਂ ਦਸ ਰੁਪੈ ਪੇਸ਼ਗੀ ਜਮਾ ਕਰਾ ਕੇ 15 ਜਨਵਰੀ 1989 ਤੋਂ ਪਿਛੋਂ ਮਿਲ ਸਕੇਗੀ।

ਸਕੱਤਰ

Sri Satguru Jagjit Singh Ji eLibrary NamdhariElibrary@gmail.com

# ਕੀ ਧਰਮ ਉਨਤੀ ਦੇ ਰਸਤੇ ਵਿਚ ਰੁਕਾਵਟ ਹੈ ?

ਪਿਛੇ ਜਹੇ ਜਾਲੰਧਰ ਦੇ ਆਕਾਸ਼ ਬਾਣੀ ਕੇਂਦਰ ਤੋਂ ਇਕ ਗੱਲ ਬਾਤ ਪਰਸਾਰਤ ਕੀਤੀ ਗਈ ਸੀ ਜਿਸ ਦਾ ਵਿਸ਼ਾ ਸੀ 'ਕੀ ਧਰਮ ਉਨਤੀ ਦੇ ਰਾਹ ਵਿਚ ਰੁਕਾਵਟ ਹੈ ?' ਗੱਲ ਬਾਤ ਦਾ ਆਧਾਰ ਧਰਮ ਬਾਰੇ ਇਹ ਸੰਕਲਪ ਸੀ ਕਿ

(1) ਧਰਮ ਇਕ ਵਿਸ਼ਵਾਸ਼ ਹੈ ਅਤੇ (2) ਧਰਮ ਜੀਵਨ ਦੀ ਜੁਗਤ ਹੈ। ਵਿਸ਼ੇ ਦੇ ਪਖ ਵਿਚ ਵਿਚਾਰਵਾਨ ਸਜਣਾਂ ਨੇ ਜੋ ਦਲੀਲਾਂ ਦਿਤੀਆਂ, ਉਹ ਸੰਖੇਪ ਰੂਪ ਵਿਚ ਕੁਝ ਇਸ ਤਰ੍ਹਾਂ ਸਨ :

1) ਉਨਤੀ ਪਰਗਤੀ ਸ਼ੀਲ ਕਰਮ ਹੈ (ਤਬਦੀਲੀ ਲਿਆਂਉਂਦੀ ਹੈ) ਜਦ ਕਿ ਧਰਮ ਪਰਗਤੀ ਨਾਲੋਂ ਵਧੇਰੇ ਪਰੰਪਰਾ ਵਿਚ ਵਿਸ਼ਵਾਸ਼ ਰਖਦਾ ਹੈ।

2) ਹਰ ਧਰਮ ਅਰੰਭ ਵਿਚ ਪਰਗਤੀ ਸ਼ੀਲ, ਯਾਨਿ ਉਸ ਤੋਂ ਪਹਿਲੋਂ ਦੀ ਪਰੰਪਰਾ ਵਿਚ ਪਰਗਤੀ ਲਿਆਉਣ ਵਾਲਾ ਹੁੰਦਾ ਹੈ. ਪ੍ਰੰਤੂ ਆਪਣੇ ਪੈਰਾਂ ਤੇ ਖੜਾ ਹੋ ਜਾਣ ਮਗਰੋਂ ਇਹ ਨਵੀਂ ਪਰਗਤੀ ਨੂੰ ਪ੍ਰਵਾਣ ਨਹੀਂ ਕਰਦਾ, ਜਿਸ ਕਰਕੇ ਇਹ ਉਨਤੀ ਦੇ ਰਾਹ ਵਿਚ ਰੁਕਾਵਟ ਬਣ ਖਲੋਂਦਾ ਹੈ।



Sri Satguru Jagjit Singh Ji eLibrary NamdhariElibrary@gmail.com

3) ਉਨਤੀ ਅਤੇ ਧਰਮ ਤਦ ਹੀ ਇਕਠੇ ਚਲ ਸਕਦੇ ਹਨ ਜਕਰ ਧਰਮ ਭੀ ਉਨਤੀ ਵਾਂਙ ਪਰਗਤੀ ਸ਼ੀਲ ਬਣ ਜਾਵੇ ਅਥਵਾ ਹਰ ਬਦਲਦੇ ਸਮੇਂ ਨਾਲ ਇਹ ਰੂਪ ਬਦਲੀ ਕਰਦਾ ਜਾਵੇ।

ਇਹ ਠੀਕ ਹੈ ਕਿ ਹਰ ਉਨਤੀ ਪਰਚਲੱਤ ਸਥਿਤੀ ਅਤੇ ਪ੍ਰਵਾਣਿਤ ਵਿਚਾਰ ਧਾਰਾ ਅੰਦਰ ਪਰਗਤੀ ਲਿਆਉਂਦੀ ਹੈ। ਜਿਸ ਨੂੰ ਅੰਧ ਵਿਸਵਾਸ਼ ਨਹੀਂ ਕਬੂਲਦਾ ਨ ਹੀ ਪਰਚਲੱਤ ਸਥਿਤੀ ਅੰਦਰ ਆਈ ਤਬਦੀਲੀ ਨੂੰ ਇਹ ਸਵੀਕਾਰ ਕਰਦਾ ਹੈ। ਗੁਗਾ ਪੂਜਣਾ ਇਸ ਖਿਆਲ ਦੀ ਇਕ ਮਿਸਾਲ ਹੈ। ਗੁਗ ਵਿਚ ਵਿਸ਼ਵਾਸ਼ ਰਖਣ ਵਾਲੇ ਲੋਕ ਗੁਗੇ ਦੇ ਅਸਥਾਨ (ਮੰਦਰ) ਤੇ ਭਾਤ-2 ਦੇ ਪਦਾਰਥ ਭੇਟਾ ਕਰਦੇ, ਸੱਪਾਂ ਨੂੰ ਦੁੱਧ ਪਿਲਾਉਂਦੇ ਅਤੇ ਉਨਾਂ ਦੀਆਂ ਰੁਡਾਂ ਤੇ ਸੇਵੀਆਂ ਆਦਿ ਖਾਣ ਵਾਲੇ ਪਦਾਰਥ ਚੜ੍ਹਾਉਂਦੇ ਹਨ। ਕਿਸੇ ਸਜਣ ਸੰਬੰਧੀ ਨੂੰ ਸਪ ਕਟ ਜਾਵੇ ਤਾਂ ਗੁਗ ਦੇ ਮੰਦਰਾਂ ਤੇ ਮੰਨਤਾਂ ਮੰਨੀਆਂ ਜਾਂਦੀਆਂ ਅਤੇ ਉਥੋਂ ਪ੍ਰਾਪਤ ਹੋਣੀ ਮਿਟੀ ਜਾਂ ਧਾਗਾ ਆਦਿ ਸਪ ਕਟੇ ਦਾ ਇਕ ਇਕੋਣ ਇਲਾਜ ਸਮਝਿਆਂ ਜਾਂਦਾ ਹੈ। ਅਜ ਕਲ ਦੀ ਵਿਗਿਆਨਕ ਖੋਜ ਅਤੇ ਡਾਕਟਰੀ ਇਲਾਜ ਨੇ ਅਜੇਹੇ ਸਾਰੇ ਵਿਸ਼ਵਾਸ਼ਾਂ ਨੂੰ ਝੂਠਲਾ ਦਿਤਾ ਹੈ ਅਤੇ ਹਰ ਸੂਝਵਾਨ ਪੁਰਖ ਭਲੀ ਤਰ੍ਹਾਂ ਜਾਣਦਾ ਹੈ ਕਿ ਗੁਗੇ ਆਦਿ ਦੀਆਂ ਮਨੌਂਤਾਂ ਅਤੇ ਭੇਟਾ ਚੜ੍ਹਾਉਣ ਦਾ ਕੋਈ ਅਰਥ ਨਹੀਂ ਹੈ, ਪ੍ਰੰਤੂ ਫਿਰ ਭੀ ਗੁਗੇ ਉਪਰ ਵਿਸ਼ਵਾਸ਼ ਅਗਿਆਨੀ ਲੋਕਾਂ ਨੂੰ ਅਜ ਕਲ ਦੀ ਜਾਗਰਤੀ ਤੋਂ ਲਾਭ ਲੈਣ ਦੀ ਪ੍ਰੇਰਨਾ ਨਹੀਂ ਦੇਂਦਾ ਅਤੇ ਸੈਂਕੜੇ ਲੋਕ ਇਸ ਅੰਧ ਵਿਸ਼ਵਾਸ਼ੀ ਪਿਛੇ ਆਪਣੀਆਂ ਕੀਮਤੀ ਜਾਨਾ ਗਵਾ ਲੈਂਦੇ



Sri Satguru Jagjit Singh Ji eLibrary NamdhariElibrary@gmail.com

ਹਨ । ਇਹੋ ਹਾਲ ਮਾਤਾ ਰਾਣੀ ਪਰ ਰਖੇ ਵਿਸ਼ਵਾਸ਼ ਦਾ ਹੈ । ਚੀਚਕ ਦਾ ਟੀਕਾ ਇਸ ਬੀਮਾਰੀ ਦੇ ਰੋਕਣ ਦਾ ਯਕੀਨੀ ਸਾਧਨ ਹੈ ਅਤੇ ਇਸ ਨੂੰ ਆਮ ਲੋਕਾਂ ਨੇ ਹੁਣ ਅਪਨਾਅ ਲਿਆ ਹੋਇਆ ਹੈ ਪ੍ਰੰਤੂ ਸੰਬੰਧਤ ਮਹਿਕਮੇ ਨੂੰ ਇਸ ਵਾਸਤੇ ਜਿਨਾਂ ਘੋਲ ਕਰਨਾ ਪਿਆ ਇਸ ਦੀ ਕਿਸੇ ਨੂੰ ਭੁੱਲ ਨਹੀਂ, ਅਜੇ ਭੀ ਕਈ ਪਿਛੇ ਰਹੇ ਅਜੇਹੇ ਇਲਾਕੇ ਹਨ ਜਿਨ੍ਹਾਂ ਵਿਚ ਮਾਤਾ ਰਾਣੀ ਦੀ ਪੂਜਾ ਪਹਿਲੇ ਵਾਂਗ ਹੀ ਕੀਤੀ ਜਾਂਦੀ ਹੈ ਅਤੇ ਇਹ ਮੰਨਦੇ ਹੋਏ ਭੀ ਕਿ ਚੀਚਕ ਦਾ ਟੀਕਾ ਬੀਮਾਰੀ ਦੀ ਰੋਕ ਥਾਮ ਦਾ ਇਕੋ ਇਕ ਸਹੀਈ ਜ਼ਰੀਆ ਹੈ ਮੂਰਖ ਲੋਕ ਹੁਣ ਭੀ ਮਾਤਾ ਰਾਣੀ ਨੂੰ ਪੂਜਦੇ ਹਨ । ਅਜੇਹਾ ਲੋਕ ਵਿਸ਼-ਵਾਸ਼ ਉੱਨਤੀ ਦੇ ਰਾਹ ਵਿਚ ਵਾਕਈ ਇਕ ਰੁਕਾਵਟ ਹੈ ।

ਇਸੇ ਤਰ੍ਹਾਂ ਕੁਝ ਲੋਕਾਂ ਨੇ ਚੰਦ ਕੁ ਰਸਮਾਂ ਰੀਤਾਂ ਕਰ ਲੈਣ ਨੂੰ ਹੀ ਧਰਮ ਸਮਝ ਲਿਆ ਹੋਇਆ ਹੈ ਯਥਾ

'ਪੂਜਾ ਵਰਤ ਤਿਲਕ ਇਸ਼ਨਾਨਾ
ਪੁੰਨ ਦਾਨ ਬਹੁ ਦੈਨ' 674

ਅਤੇ ਅਜੇਹੀਆਂ ਰਸਮਾਂ ਰੀਤਾਂ ਦੇ ਵਿਸ਼ਵਾਸ਼ਾਂ ਨੂੰ ਧਰਮ ਦਾ ਨਾਮ ਦਿਤਾ ਹੋਇਆ ਹੈ । ਜੇ ਕਰ ਅਜੇਹੇ ਵਿਸ਼ਵਾਸ਼ਾਂ ਅਤੇ ਰਸਮਾਂ ਰੀਤਾਂ ਵਾਲੀ ਰਹਿਣੀ ਦਾ ਨਾਮ ਧਰਮ ਹੈ ਤਦ ਤਾਂ ਐਸਾ ਧਰਮ ਉੱਨਤੀ ਦੇ ਰਾਹ ਵਿਚ ਵਾਕਈ ਰੁਕਾਵਟ ਹੈ ਅਤੇ ਅਜੇਹੇ ਧਰਮ ਦੀ ਸੰਸਾਰ ਨੂੰ ਉੱਕੀ ਹੀ ਕੋਈ ਲੋੜ ਨਹੀਂ । ਅਸਾਂ ਇਹ ਵੇਖਣਾ ਹੈ ਕਿ ਕੀ (ਧਰਮ ਇਕ ਐਸਾ ਅੰਧ ਵਿਸ਼ਵਾਸ਼ ਅਤੇ ਕੁਝ ਐਸੀਆਂ ਰਸਮਾਂ ਰੀਤਾਂ ਦਾ ਨਾਮ ਹੈ ਅਤੇ ਕੀ) ਗੁਰਮਤਿ ਭੀ ਅਜੇਹੀ ਉੱਨਤੀ ਦੇ ਰਾਹ ਦੀ ਰੁਕਾਵਟ ਵਾਲਾ ਹੀ ਇਕ ਧਰਮ ਹੈ ਜਾਂ ਇਸ ਦੀ ਕੋਈ ਹੋਰ



Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ਤਾ ਹੈ।

ਧਰਮ ਸੰਸਕ੍ਰਿਤੀ ਸ਼ਬਦ ਹੈ ਅਤੇ ਕੋਸ਼ ਅੰਦਰ ਇਸ ਦੇ ਅਰਥ ਹਨ :

1) ਮੂਲ ਗੁਣ ਜਾਂ ਸੁਭਾਵ
2) ਕਰਤਵ ਫਰਜ਼ ਜਾਂ ਸ਼ੁਭ ਕਰਮ
3) ਨੀਤੀ ਨੀਯਮ ਜਾਂ ਨਿਆਏ ਬਿਵਸਥਾ
4) ਈਮਾਨ ਜਾਂ ਵਿਸ਼ਵਾਸ਼
5) ਮਜ਼ਹਬ-ਪੰਥ ਜਾਂ ਮੱਤ

ਆਮ ਬੋਲ ਚਾਲ ਅੰਦਰ ਅਸੀਂ 'ਧਰਮ' ਸ਼ਬਦ ਉਕਤ ਸਾਰੇ ਅਰਥਾਂ ਵਿਚ ਹੀ ਵਰਤਦੇ ਹਾਂ ਯਥਾ

1) ਅਖਾਂ ਦਾ ਧਰਮ (ਸੁਭਾਵ) ਵੇਖਣਾ ਅਤੇ ਕੰਨਾਂ ਦਾ ਧਰਮ ਸੁਨਣਾ ਹੈ। ਜੇਕਰ ਅਖ ਜਾਂ ਕੰਨ ਆਪਣਾ ਧਰਮ ਪੂਰਾ ਨ ਕਰਨ ਤਾਂ ਇਨਾਂ ਦੀ ਹੋਂਦ ਬੇ ਮੈਇਨੇ ਹੋ ਜਾਂਦੀ ਹੈ। ਇਸ ਤਰਾਂ ਪਾਣੀ ਦਾ ਧਰਮ ਸੁਅਛ ਤੇ ਸ਼ੀਤਲ ਕਰਨਾ ਹੈ ਅਤੇ ਅੱਗ ਦਾ ਧਰਮ ਸਕ ਦੇਣਾ ਜਾਂ ਸਾੜਨਾ ਹੈ।

2) ਬ੍ਰਿਹਮਣ ਦਾ ਧਰਮ (ਕਰਤਵ) ਬ੍ਰਹਮ ਨੂੰ ਜਾਨਣਾ ਹੈ 'ਸੋ ਬ੍ਰਾਹਮਣ ਜੁ ਬਿੰਦੇ ਬ੍ਰਹਮ' ਅਤੇ ਖਤਰੀ ਦਾ ਧਰਮ ਸੂਰਮ ਗਤੀ ਵਿਖਾਉਣਾ ਹੈ, ਜਦੋਂ ਇਕ ਮਨੁਖ ਜੋ ਆਪਣੇ ਆਪ ਨੂੰ ਖਤਰੀ ਕਹਾਉਂਦਾ ਹੈ ਪ੍ਰੰਤੂ ਦੀਨ ਦੁਖੀ ਜਾਂ ਦੇਸ਼ ਦੀ ਰਖਿਆ ਲਈ ਵੈਰੀ ਦਾ ਮੁਕਾਬਲਾ ਨਹੀਂ ਕਰਦਾ, ਉਹ ਖਤਰੀ ਨਹੀਂ ਹੈ। ਜਦੋਂ ਪਠਾਨ ਹਮਲਾਵਰ ਦੇ ਸਾਹਮਣੇ ਡਟ ਜਾਣ ਵਾਲੀ ਕ੍ਰਿਆ



Sri Satguru Jagjit Singh Ji eLibrary NamdhariElibrary@gmail.com

ਖਤਰੀਆਂ ਨੇ ਛਡ ਦਿਤੀ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਉਨਾਂ ਬਾਰੇ ਕਿਹਾ 'ਖਤਰੀਆਂ ਤਾਂ ਧਰਮ ਛਡਿਆ' ਅਰਥਾਤ ਉਨ੍ਹਾਂ ਦਾ ਦੇਸ਼ ਰਖਿਆ ਦਾ ਜੋ ਫਰਜ਼ ਸੀ ਓਹ ਉਸ ਵਲੋਂ ਅਵੇਸਲੇ ਹੋ ਕੇ ਧਰਮਹੀਨ ਹੋ ਗਏ।

3) ਜਦੋਂ 'ਧਰਮ' ਨੀਤੀ ਨੀਯਮ ਜਾਂ ਨਿਆਇ ਦੇ ਸੰਬੰਧ ਵਿਚ ਵਰਤਿਆ ਜਾਂਦਾ ਹੈ ਤਦੋਂ ਧਰਮ ਦੇ ਅਰਥ ਕਿਸੇ ਕੀਤੇ ਇਕਰਾਰ-ਐਹਦੋ ਪੈਮਾਨ ਜਾਂ ਦਿਤੇ ਬਚਨ ਪਰ ਪੂਰਾ ਉਤਰਨ ਦੇ ਹੁੰਦੇ ਹਨ। ਇਸ ਭਾਵ ਵਾਲਾ ਧਰਮ ਦੋ ਜਾਂ ਵਧੇਰੇ ਮਨੁਖਾਂ ਵਿਚਾਂਲੇ, ਕੁਝ ਪਾਰਟੀਆਂ ਤਥਾ ਦੇਸ਼ਾਂ ਵਿਚਾਲੇ ਭੀ ਹੋ ਜਾਂਦਾ ਹੈ। ਚੋਰ, ਡਾਕੂ ਤਥਾ ਹੋਰ ਮੰਦੇ ਕਰਮੀ ਲੋਕ ਭੀ ਆਪੋ ਵਿਚ ਕੁਝ ਧਰਮ (ਐਹਦੋ ਪੈਮਾਨ) ਕਰ ਲੈਂਦੇ ਹਨ। ਜਿਸ ਦੇ ਤਹਿਤ ਓਹ ਆਪਣਾ ਵਿਹਾਰ ਕਰਦੇ ਹਨ। ਸੁਆਮ ਵਿਵੇਕਾਨੰਦ ਦੇ ਸਾਹਮਣੇ ਕੁਝ ਅਜੇਹੇ ਧਰਮ ਦੀ ਹੋਂਦ ਦਾ ਹੀ ਵਿਚਾਰ ਸੀ ਜਦੋਂ ਉਨਾਂ ਨੇ ਕਿਹਾ ਕਿ ਇਕ ਸ਼ੈਤਾਨ ਬਲਵਾਨ, ਕਾਇਰ ਮਹਾਤਮਾ ਨਾਲੋਂ ਲਖ ਗੁਣਾਂ ਚੰਗਾਂ ਹੈ। ਸ਼ੈਤਾਨ ਦਾ ਧਰਮ ਉਸ ਨੂੰ ਜੀਵਨ ਸੰਘਰਸ਼ ਅੰਦਰ ਕਦੀ ਨ ਕਦੀ ਨੇਕੀ ਲਈ ਭੀ ਤਤਪਰ ਕਰ ਸਕਦਾ ਹੈ। ਦੋ ਮਨੁਖ ਆਪੋ ਵਿਚ 'ਧਰਮ ਭਰਾ' ਬਣ ਜਾਂਦੇ ਹਨ। ਭਾਵੇਂ ਉਨਾਂ ਦਾ ਬਿੰਦੀ ਰਿਸ਼ਤਾ ਤਾਂ ਭਰਾਵਾਂ ਵਾਲਾ ਨਹੀਂ ਹੁੰਦਾ ਪਰ ਉਨਾਂ ਦਾ ਵਰਤਨ ਵਿਹਾਰ ਅਜੇਹੀ ਨੀਤੀ ਵਾਲਾ ਹੁੰਦਾ ਹੈ ਜੈਸਾ ਕਿ ਸਕੇ ਭਰਾਵਾਂ ਦਾ। ਸਿਖ ਜਦੋਂ ਅੰਮ੍ਰਿਤ ਛਕਦਾ ਹੈ ਤਾਂ ਓਹ



Sri Satguru Jagjit Singh Ji eLibrary NamdhariElibrary@gmail.com

ਦ੍ਰਿੜ ਕਰ ਲੈਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਉਸ ਦੇ ਧਰਮ ਪਿਤਾ ਹਨ ਜਿਸ ਦਾ ਇਹੋ ਭਾਵ ਹੈ ਕਿ ਉਸ ਦੇ ਅਤੇ ਗੁਰੂ ਗੋਬਿੰਦ ਸਿੰਘ ਵਿਚਾਲੇ ਪੁੱਤਰ ਪਿਤਾ ਵਾਲੇ ਐਹਦ ਪੈਮਾਨ ਹੋ ਗਏ ਹਨ ਉਸ ਨੇ ਗੁਰੂ ਗੋਬਿੰਦ ਸਿੰਘ ਦੀ ਰਹਿਣੀ (Discipline) ਨੂੰ ਗ੍ਰਹਿਨ ਕਰ ਲਿਆ ਹੈ। ਇਸੇ ਤਰ੍ਹਾਂ ਦਾ ਧਰਮ ਦੁਨੀਆਂ ਦੇ ਸਮੁਚੇ ਕਾਰ ਵਿਹਾਰ ਅੰਦਰ ਚਲਦਾ ਹੈ ਅਤੇ ਜਦੋਂ ਕਦੀ ਕਿਸੇ ਵਿਹਾਰ ਅੰਦਰੋਂ ਅਜੇਹੀ ਧਰਮ ਨੀਤੀ ਜਾਂਦੀ ਰਹੇ ਤਾਂ ਉਸ ਵਿਹਾਰ ਦਾ ਚਲਦੇ ਰਹਿਣਾ ਸੰਭਵ ਨਹੀਂ ਰਹਿੰਦਾ ਅਤੇ ਉਸ ਵਿਚ ਗੜ ਬੜ ਹੋ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਧੌਲ ਧਰਮ ਦਇਆ ਕਾ ਪੂਤ' ਵਿਚ ਵੀ 'ਧਰਮ' ਸ਼ਬਦ ਦਾ ਇਹੋ ਜੇਹਾ ਭਾਵ ਹੀ ਹੈ। ਪੁਰਾਤਨ ਹਿੰਦੂ ਵਿਚਾਰ ਧਾਰਾ ਅਨੁਸਾਰ ਧਰਤੀ ਧੌਲ ਦੇ ਆਸਰੇ ਖੜੀ ਮੰਨੀ ਗਈ ਸੀ। ਸਤਿਗੁਰੂ ਕਹਿੰਦੇ ਹਨ ਕਿ ਧਰਤੀ ਨੂੰ ਸਹਾਰਾ ਦੇਣ ਵਾਲਾ ਧੌਲ ਅਸਲ ਵਿਚ ਪਰਮੇਸ਼ਵਰ ਦਾ ਬਣਾਇਆ ਓਹ (ਧਰਮ) ਬੰਧਾਨ ਜਾਂ ਨੀਤੀ ਹੀ ਹੈ ਜਿਸ ਦੇ ਅਧੀਨ ਸਾਰੀ ਰਚਨਾ ਇਸਥਿਤ ਹੈ। ਇਹ ਬੰਧਾਨ ਏਨਾ ਅਟੱਲ ਹੈ ਕਿ ਇਸ ਵਿਚ ਰੀਨ ਭਰ ਦਾ ਘਾਟਾ ਵਾਧਾ ਨਹੀਂ ਹੁੰਦਾ ਜੇ ਕਰ ਧਰਤੀ ਦਾ ਧਰਮ ਰੂਪੀ ਧੌਲ ਕਦੀ ਡੋਲ ਜਾਵੇ ਤਾਂ ਅਲ ਪਲ ਅੰਦਰ ਇਸ ਤੇ ਪਰਲੋ ਆ ਜਾਵੇ। ਸਤਿਗੁਰੂ ਜੀ ਦੇ ਇਸ ਕਥਨ ਦਾ ਭਾਵ ਇਹੋ ਹੈ ਕਿ ਧਰਤੀ ਅਤੇ ਇਸ ਉਪਰ ਚਲਦੇ ਸਾਰੇ ਵਿਹਾਰ ਕਾਰ 'ਧਰਮ' ਤਥਾ ਨੀਯਤ ਬੰਧਾਨਾਂ ਦੇ ਆਸਰੇ ਕਾਇਮ ਹਨ, ਜੇ ਮਨੁਖ ਆਪਣਾ-2 ਧਰਮ



Sri Satguru Jagjit Singh Ji eLibrary NamdhariElibrary@gmail.com

ਛਡ ਦੇਣ ਤਾਂ ਸਾਰਾ ਸਿਲਸਲਾ ਖਤਮ ਹੋ ਜਾਵੇ। ਇਸੇ ਖਿਆਲ ਦੀ ਪੁਸ਼ਟੀ ਜਪਜੀ ਦੀ ਬਾਣੀ ਦੇ ਅਖੀਰ ਵਿਚ ਧਰਤੀ ਨੂੰ 'ਧਰਮ ਸਾਲ' ਕਹਿਕੇ ਸਤਿਗੁਰੂ ਜੀ ਨੇ ਕੀਤੀ ਹੈ। ਅਤੇ ਇਸ ਦੀ ਵਿਆ-ਖਿਆ ਇਹ ਕਹਿ ਕੇ ਕੀਤੀ ਹੈ ਕਿ ਇਸ 'ਧਰਮ ਸਾਲ' ਤੇ ਕਰਮਾਂ ਸੇਤੀ ਵਿਚਾਰ ਹੁੰਦੀ ਹੈ, ਜੈਸਾ ਧਰਮ ਕੋਈ ਕਮਾਉਂਦਾ ਹੈ ਵੈਸਾ ਫਲ ਉਸ ਨੂੰ ਮਿਲਦਾ ਹੈ :

'ਧਰਮ ਕਮਾਣੈ ਧਰਮੀ ਨਾਉ ਹੋਵੈ
ਪਾਪ ਕਮਾਣੈ ਪਾਪੀ ਜਾਣੀਐ'

4) 'ਧਰਮ' ਸ਼ਬਦ ਦੇ ਅਰਥ 'ਵਿਸ਼ਵਾਸ਼' ਦੇ ਭੀ ਹਨ। ਦੁਨੀਆਂ ਦਾ ਕੋਈ ਕੰਮ ਵਿਸ਼ਵਾਸ਼ ਬਿਨਾ ਸਫਲ ਹੋਣਾ ਸੰਭਵ ਨਹੀਂ। ਜੇ ਕਰ ਮਨੁੱਖ ਦਾ ਨਿਸਚਾ ਹੀ ਡੋਲਦਾ ਹਵੇ ਤਾਂ ਇਸਦੀ ਅਸਫਲਤਾ ਤਾਂ ਮੁਢੋਂ ਹੀ ਯਕੀਨੀ ਹੋ ਜਾਂਦੀ ਹੈ। ਵਿਸ਼ਵਾਸ਼ ਮਨ ਦੀ ਇਕ ਮਨੋ-ਵਿਗਿ-ਆਨਕ ਸਥਿਤੀ (Psychological State of mind) ਹੈ ਮਨ ਦੀ ਅਜਹੀ ਸਥਿਤੀ ਉਤੇ ਹੀ ਨਿਰਭਰ ਹੁੰਦੀ ਹੈ ਕਿਸੇ ਕੰਮ ਦੀ ਸਫਲਤਾ। ਹਰ ਇਕ ਵਿਗਿਆਨਕ ਖੋਜ ਦਾ ਆਧਾਰ ਵਿਸ਼ਵਾਸ਼ ਹੀ ਹੈ। ਹਰ ਖੋਜੀ ਆਪਣੇ ਮਨ ਅੰਦਰ ਪਹਿਲੋਂ ਓਹ ਚਿਤੱਰ ਉਲੀਕ ਲੈਂਦਾ ਹੈ ਜਿਸ ਤੇ ਉਸ ਨੇ ਪੁਜਣਾ ਹੈ ਅਤੇ ਉਸ ਦੀ ਇਸ ਸੰਬੰਧੀ ਕੀਤੀ ਹਰ ਖੋਜ ਪਿਛੇ ਇਹ ਨਿਸਚਾ ਛੁਪਿਆ ਹੁੰਦਾ ਹੈ ਕਿ ਉਹ ਇਸ ਤੋਂ ਕਾਮਯਾਬੀ ਦਾ ਮੂੰਹ ਵੇਖੇਗਾ। ਚੰਦ ਉਪਰ ਪਹੁੰਚ ਕੇ ਉਸ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਦੇ ਨਿਸਚੇ ਨਾਲ ਹੀ ਚੰਦ ਯਾਤਰੀ ਉਥੇ ਪੁਜੇ



Sri Satguru Jagjit Singh Ji eLibrary NamdhariElibrary@gmail.com

ਤੇ ਉਥੋਂ ਸਹੀ ਸਲਾਮਤ ਵਾਪਸ ਮੁੜੇ ਸਨ, ਸਾਰੇ ਜੰਗ ਤੇ ਜਿੱਤਾਂ ਅਜੇਹੇ ਵਿਸ਼ਵਾਸ਼ ਦਾ ਹੀ ਸਿੱਟਾ ਹੁੰਦੀਆਂ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਜੁਧ ਖੇਤਰ ਅੰਦਰ ਇਹੋ ਜੇਹਾ ਨਿਸਚਾ ਧਾਰ ਕੇ ਜਾਣ ਦੀ ਹੀ ਵਾਹਿਗੁਰੂ ਪਾਸੋਂ ਯਾਚਨਾ ਕਰਦੇ ਹਨ :

'ਨ ਡਰਉਂ ਅਰਿ ਸਉ ਜਬ ਜਾਇ ਲਰਉਂ
ਨਿਸਚੈ ਕਰ ਅਪਨੀ ਜੀਤ ਕਰਉਂ'

ਪਰ ਉਨ੍ਹਾਂ ਨੇ ਅਜੇਹਾ ਨਿਸਚਾ ਕਦੀ ਨਹੀਂ ਧਾਰਿਆ ਕਿ ਬਿਨਾਂ ਲੜਿਆਂ ਹੀ ਜਿੱਤ ਹੋ ਜਾਵੇ ਓਹ ਤਾਂ ਕਹਿੰਦੇ ਹਨ ਕਿ ਮੇਰੀ ਜਿੱਤ ਯਕੀਨੀ ਹੈ ਪ੍ਰੰਤੂ ਇਸਦੇ ਲਈ ਨਿਡਰ ਹੋ ਕੇ ਜੂਝਨਾ ਜ਼ਰੂਰੀ ਹੈ। ਇਹ ਗੁਗੇ ਜਾਂ ਮਾਈਏ ਰਾਣੀ ਦੇ ਪੁਜਾਰੀ ਵਾਲਾ ਅੰਧ ਵਿਸ਼ਵਾਸ਼ ਨਹੀਂ ਬਲਕਿ ਆਪਣੀ ਕਰਨੀ ਦਾ ਵਿਸ਼ਵਾਸ਼ ਹੈ-ਇਹ Faith based on personal edeavour and action ਹੈ ਐਸਾ ਵਿਸ਼ਵਾਸ਼ ਹੀ ਧਰਮ ਦੇ ਅਰਥ ਰਖਦਾ ਹੈ :

ਗੁਰੂ ਬਾਣੀ ਅੰਦਰ ਆਪਨੇ ਇਸ਼ਟ ਉਪਰ ਭਰੋਸਾ ਜਾਂ ਵਿਸ਼ਵਾਸ਼ ਤਥਾ Faith ਦੀ ਵਿਆਖਿਆ ਬੜੇ ਸੁੰਦਰ ਸ਼ਬਦਾਂ ਅੰਦਰ ਕੀਤੀ ਹੈ :

'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ'
ਨਾਨਕ ਆਖੈ ਰਾਹੁ ਏਹੁ ਹੋਰਿ ਗਲਾ ਸੈਤਾਨੁ।

ਅਰਥਾਤ ਆਪਣੇ ਇਸ਼ਟ ਨੂੰ ਸੇਵਨ ਤੇ ਹੋਰ ਹਰ ਤਰ੍ਹਾਂ ਦੇ ਕਾਰ ਵਿਹਾਰ ਦਾਨ ਪੁੰਨ ਆਦਿ ਕਰਨ ਵਿਚ ਅਕਲ



Sri Satguru Jagjit Singh Ji eLibrary NamdhariElibrary@gmail.com

(Common Sense) ਨੂੰ ਹਥੋਂ ਨਹੀਂ ਦੇਣਾ। ਵਿਸ਼ਵਾਸ਼ ਭੀ ਓਹੋ ਹੀ ਠੀਕ ਹੈ ਜੋ ਅਕਲ ਦੇ ਤਰਾਜੂ ਤੇ ਤੁੱਲ ਕੇ ਠੀਕ ਤੇ ਪੂਰਾ ਉਤਰਦਾ ਹੈ। ਜਿਸ ਨੂੰ Common Sense ਕਬੂਲ ਨਹੀਂ ਕਰਦੀ ਓਹ ਅੰਧ ਵਿਸ਼ਵਾਸ਼ ਹੈ ਉਸ ਨੂੰ ਧਰਮ ਦਾ ਨਾਮ ਨਹੀਂ ਦਿਤਾ ਜਾ ਸਕਦਾ। ਅਜੇਹਾ ਅੰਧ ਵਿਸ਼ਵਾਸ਼ ਉਨਤੀ ਦੇ ਰਾਹ ਵਿਚ ਜ਼ਰੂਰੀ ਰੁਕਾਵਟ ਬਣ ਸਕਦਾ ਹੈ ਪਰ ਜੋ ਧਰਮ ਤਥਾ ਵਿਸ਼ਵਾਸ਼ ਅਕਲ ਦੀ ਤਕੜੀ ਤੇ ਪੂਰਾ ਤੁਲਦਾ ਹੈ ਓਹ ਉਨਤੀ ਦੇ ਰਾਹ ਵਿਚ ਸਹਾਈ ਤਾਂ ਜ਼ਰੂਰ ਹੋਵੇਗਾ ਪਰ ਰੁਕਾਵਟ ਕਦੀ ਨਹੀਂ ਬਣੇਗਾ।

4) 'ਧਰਮ' ਦੇ ਅਰਥ ਮਜ਼ਹਬ, ਮੱਤ ਜਾਂ ਪੰਥ ਭੀ ਹਨ। ਇਹ ਸ਼ਬਦ ਅਜੇਹੀ ਵਿਚਾਰ ਧਾਰਾ ਦੇ ਸੂਚਕ ਹਨ ਜਿਸ ਦਾ ਸੰਬੰਧ ਮਨੁਖ ਦੀ ਉਸ ਸੂਖਮ ਹੋਂਦ ਨਾਲ ਹੈ ਜੋ ਹੋਂਦ ਮਨੁਖ ਨੂੰ ਜੀਉਂਦੇ ਰਖਣ ਦਾ ਕਾਰਨ ਹੈ ਜਿਸ ਨੂੰ ਵਖੋ ਵਖ ਬੋਲੀਆਂ ਅੰਦਰ ਆਤਮਾ, ਰੂਹ, ਸੋਲ ਅਗਨੀ ਜਾਂ ਕਈ ਪਰਕਿਰਤੀਆਂ ਦੇ ਵਿਸ਼ੇਸ਼ ਸੰਗਮ ਤੋਂ ਸੁਤੇ ਸਿਧ ਪੈਦਾ ਹੋਈ ਸ਼ਕਤੀ ਕਿਹਾ ਜਾਂਦਾ ਹੈ। ਆਮ ਕਰਕੇ ਇਸ ਹੋਂਦ ਦਾ ਸੰਪਰਕ ਸਰਬ ਸਮਰੱਥ ਅਤੇ ਸਰਬ ਸਾਂਝੀ ਈਸ਼ਵਰ ਜਾਂ ਖੁਦਾ ਆਦੀ ਨਾਮਾਂ ਵਾਲੀ ਹੋਂਦ ਜਾਂ ਸਦ ਗੁਣਾਂ ਨਾਲ ਮੰਨਿਆਂ ਜਾਂਦਾ ਹੈ। ਹਰ ਹਾਲਤ ਵਿਚ ਇਸ ਦਾ ਭਾਵ ਵਾਚੀ ਤੇ ਸੂਖਮ ਹੋਣਾ ਸਪਸ਼ਟ ਹੈ। ਪੰਜ ਭੂਤਕ ਸਰੀਰ ਨਾਲ ਇਸ ਦਾ ਕੇਵਲ ਇਤਨਾ ਕੁ ਸੰਬੰਧ ਹੈ ਕਿ ਇਹ ਸਰੀਰ ਰਾਹੀਂ ਪ੍ਰਗਟ ਹੈ ਅਤੇ ਸਰੀਰ ਦੇ ਸਾਰੇ ਭੋਗਾਂ ਤੇ ਰਸ ਕਸ ਨੂੰ ਮਾਨਣ



Sri Satguru Jagjit Singh Ji eLibrary NamdhariElibrary@gmail.com

ਦੀ ਸੂਝ ਇਸ ਦੇ ਰਾਹੀਂ ਹੁੰਦੀ ਹੈ। ਈਸ਼ਵਰ ਆਦਿ ਨਾਮਾਂ ਵਾਲੀ ਹੋਂਦ ਨਾਲ ਇਸ ਦਾ ਕਿਸ ਤਰ੍ਹਾਂ ਦਾ ਸੰਬੰਧ ਹੈ ਇਸ ਬਾਰੇ ਮੱਤ ਅਪੋ ਆਪ ਹਨ।

ਧਰਮ ਜਾਂ ਮਜ਼ਹਬ ਬਾਰੇ ਅਜੇਹੀ ਵਿਚਾਰ ਧਾਰਾ ਦਾ ਹੋਣਾ ਮਨੋ ਵਿਗਿਆਨ ਦੇ ਹੋਰ ਵਿਸ਼ਿਆਂ ਵਾਂਙ ਗਿਆਨ ਦਾ ਹੀ ਇਕ ਵਿਸ਼ਾ ਹੈ ਅਤੇ ਇਸ ਦੇ ਅਧਿਐਨ ਅਤੇ ਇਸ ਬਾਰੇ ਕਿਸੇ ਵਿਚਾਰ ਦੇ ਗ੍ਰਹਿਣ ਕਰਨ ਜਾਂ ਤਿਆਗ ਦਾ ਪ੍ਰਭਾਵ ਉਨਤੀ ਦੇ ਕੰਮਾਂ ਪਰ ਪੈਣ ਦੀ ਕਿਸੇ ਤਰ੍ਹਾਂ ਦੀ ਸੰਭਾਵਨਾ ਨਹੀਂ।

ਧਰਮ ਤਥਾ ਮਜ਼ਹਬ ਸ਼ਬਦ ਦੀ ਵਰਤੋਂ ਦੋ ਹੋਰ ਭਾਵ ਪ੍ਰਗਟਾਉਣ ਲਈ ਭੀ ਕੀਕੀ ਜਾਂਦੀ ਹੈ। ਇਨ੍ਹਾਂ ਵਿਚੋਂ ਪਹਿਲਾ ਕੁਝ ਰੀਤਾਂ ਰਸਮਾਂ ਦੇ ਕਰਨ ਦੀ ਹੈ ਜਿਨ੍ਹਾਂ ਰੀਤਾਂ ਰਸਮਾਂ ਨੇ ਮਨੁਖਤਾ ਅੰਦਰ ਵਿਤਕਰੇ ਪੈਦਾ ਕਰਕ ਇਸ ਨੂੰ ਹਿੰਦੂ, ਮੁਸਲਮਾਨ, ਬੋਧੀ, ਈਸਾਈ, ਮੂਸਾਈ ਆਦਿ ਕਈ ਭਾਗਾਂ ਵਿਚ ਵੰਡ ਦਿਤਾ ਹੈ ਜੋ ਉਨ੍ਹਾਂ ਦੇ ਅੰਦਰ ਦੀ ਵਿਖੇਪਤਾ ਤੇ ਲੜਾਈ ਭਿੜਾਈ ਦਾ ਕਾਰਨ ਹਨ। ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਅਜੇਹੀਆਂ ਰਸਮਾਂ ਰੀਤਾਂ ਨੂੰ ਧਰਮ ਜਾਂ ਮਜ਼ਹਬ ਕਿਹਾ ਜਾ ਸਕਦਾ ਹੈ। ਜਿਸ ਤਰ੍ਹਾਂ ਉਪਰ ਦਸਿਆ ਗਿਆ ਹੈ ਧਰਮ ਸ਼ਬਦ ਤਾਂ ਕਿਸੇ ਸੂਖਮ ਹੋਂਦ ਬਾਰੇ ਪ੍ਰਗਟਾਏ ਵਿਚਾਰਾਂ ਦਾ ਨਾਮ ਹੈ ਤਾਂ ਰਸਮਾਂ ਰੀਤਾਂ ਜੋ ਸ਼ਰੀਰ ਨਾਲ ਸੰਬੰਧ ਰਖਣ ਵਾਲੇ ਸਥੂਲ ਕਰਤਵ ਹਨ ਓਹ ਧਰਮ ਕਿਸ ਤਰ੍ਹਾਂ ਹੋਏ ? ਰਸਮਾਂ ਰੀਤਾਂ ਨੂੰ ਧਰਮ ਕਹਿਣਾ ਇਕ ਵਡੀ ਭੁੱਲ ਹੈ, ਇਸ ਲਈ ਜੇ ਕਿਸੇ ਮਜ਼ਹਬ ਦੀ ਕੋਈ ਰਸਮ ਰੀਤ ਉਨਤੀ ਦੇ ਰਸਤੇ ਵਿਚ ਵਿਘਣ



Sri Satguru Jagjit Singh Ji eLibrary NamdhariElibrary@gmail.com

ਕਾਰੀ ਹੁੰਦੀ ਹੈ ਤਾਂ ਉਸ ਦਾ ਦੋਸ਼ ਧਰਮ ਨੂੰ ਦੇਣਾ ਵਾਜਬ ਨਹੀਂ ।

'ਧਰਮ' ਸ਼ਬਦ ਬਾਰੇ ਮੌਡਰਨ ਪਰਚੱਲਤ ਵਿਚਾਰ ਜਿਸ ਨੂੰ ਸਿਖ ਵਿਚ ਧਾਰਾ ਨੇ ਵਿਸ਼ੇਸ਼ ਕਰ ਕੇ ਅਪਨਾਇਆ ਹੋਇਆ ਹੈ ਓਹ ਇਹ ਹੈ ਕਿ ਧਰਮ ਇਕ ਜੀਵਨ ਜੁਗਤ ਹੈ ਅਥਵਾ ਧਰਮ ਨਿਰਾ ਆਤਮਾ ਅਤੇ ਪਰਮਾਤਮਾ ਦੇ ਸੂਖਮ ਸੰਬੰਧਾਂ ਬਾਰੇ ਵਿਚਾਰ ਹੀ ਨਹੀਂ ਬਲਕਿ ਇਹ ਅਪਣੇ ਅਸਲੀ ਰੂਪ ਵਿਚ ਆਤਮਾ ਦਾ ਸਥੂਲ ਸਰੀਰ ਨਾਨ ਸੰਬੰਧਾਂ ਦਾ ਵਾਚਕ ਭੀ ਹੈ ਅਤੇ ਅਜੇਹਾ ਕਰਦਾ ਹੋਇਆ ਧਰਮ ਪਰਮਾਤਮਾ, ਆਤਮਾ, ਅਤੇ ਸਰੀਰ ਤਿੰਨਾ ਦੇ ਆਪੋ ਵਿਚ ਦੇ ਸੰਪਰਕ ਨੂੰ ਸਮਝਦਾ, ਵਿਚਾਰਦਾ ਅਤੇ ਉਸ ਵਿਚਾਰ ਨੂੰ ਨਿਤਾਪ੍ਰਤੀ ਜੀਵਨ ਵਿਚ ਘਟਾ ਕੇ ਏਹਨਾਂ ਤਿੰਨਾਂ ਦੀ ਆਪੋ ਵਿਚ ਸਾਂਝ ਵਧਾਉਂਦਾ ਹੈ । ਫਿਰ ਚੂੰਕਿ ਈਸ਼ਵਰ ਇਕ ਸਦ ਗੁਣੀ (Moral or ethical) ਹਂਦ ਹੈ ਮਨੁਖੀ ਜੀਵਨ ਦਾ ਇਸ ਦੇ ਅਜੇਹੇ ਪ੍ਰਭਾਵ ਨੂੰ ਕਬੂਲਨਾ ਅਤੇ ਉਸ ਨਾਲ ਨੇੜਤਾ ਪ੍ਰਾਪਤ ਕਰਨੀ ਜ਼ਰੂਰੀ ਹੈ । ਇਹ ਨੇੜਤਾ ਹਾਸਲ ਹੋ ਜਾਣਾ ਹੀ ਮਨੁਖੀ ਜੀਵਨ ਦਾ ਲਖਸ਼ ਹੈ ਇਸੇ ਲਈ ਜੀ ਨੂੰ ਸਤਿਗੁਰੂ 'ਧਰਮ' ਦੀ ਵਿਆਖਿਆ ਇਨਾਂ ਅਖਰਾਂ ਦੁਆਰਾ ਕਰਦੇ ਹਨ ।

'ਸਰਬ ਧਰਮ ਮਹਿ ਸ੍ਰੇਸ਼ਟ ਧਰਮ
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ'

ਹਰਿ ਨਾਮ ਦੀ ਯਾਦ ਨੂੰ ਸਤਿਗੁਰੂ ਸ੍ਰੇਸ਼ਟ ਧਰਮ ਅਤੇ ਸੁਅੱਛ ਕਰਮ ਕਹਿੰਦੇ ਹਨ ਕਿਉਂਕਿ ਇਸ ਦਾ ਜੋ ਸਰੂਪ ਆਪ ਨੇ ਮਨੁਖਤਾ ਨੂੰ ਦ੍ਰਿੜ ਕਰਾਇਆ ਹੈ ਓਹ 'ਸਤਿ' ਹੈ ਅਤੇ



Sri Satguru Jagjit Singh Ji eLibrary NamdhariElibrary@gmail.com

ਸਦਾ ਸਤਿ ਹੈ :

'ਆਦਿ ਸਚ ਜੁਗਾਦਿ ਸਚ, ਹੈ ਭੀ ਸਚ,
ਨਾਨਕ ਹੋਸੀ ਭੀ ਸਚ ।'

ਜਿਸ ਹੋਂਦ ਦਾ ਮੁਢ ਪਾਂਦ ਤੇ ਮਧ ਸਚ ਹੀ ਸਚ ਹੈ, ਉਸ ਵਿਚ ਕੂੜ, ਕੁਸੱਤ, ਫਰੇਬ, ਧੋਖਾ, ਠਗੀ ਵਿਖਾਵਾ ਸੰਭਵ ਨਹੀਂ ਅਤੇ ਜਿਥੇ ਇਹ ਨਹੀਂ, ਉਥੇ ਭ੍ਰਿਸ਼ਟਾ ਚਾਰ ਰਿਸ਼ਵਤ ਖੋਰੀ, ਬੇਈਮਾਨੀ ਅਤੇ ਅਨਿਆਂ ਨਹੀਂ ਹੋਵੇਗਾ । ਇਸ ਤਰ੍ਹਾਂ ਜੋ ਮਨੁਖ ਅਜੇਹੇ ਸਚ ਸਰੂਪ ਨੂੰ ਹਮੇਸ਼ਾ ਯਾਦ ਅੰਦਰ ਵਸਾਈ ਰਖਦਾ ਹੈ ਅਥਵਾ ਉਸ ਦੇ ਆਚਾਰ, ਵਿਹਾਰਾ ਤੇ ਗੁਫਤਾਰ ਵਿਚ ਸਚ ਦਾ ਪ੍ਰਵੇਸ਼ ਹੈ ਜੋ ਸਚ ਸਰੂਪ ਦਾ ਸਿਮਰਨ ਕਰਦਾ ਹੈ, ਉਸ ਦੀ ਰੁਚੀ ਲਾਜ਼ਮੀ ਤੌਰ ਸਚ ਪ੍ਰੇਰਤ ਰਹੇਗੀ, ਕਿਉਂਕਿ ਵਾਰ ਵਾਰ ਯਾਦ ਆਉਣ ਵਾਲੀ ਗੱਲ ਮਨੁਖ ਦੇ ਖਿਆਲ ਵਿਚ ਵਸ ਜਾਂਦੀ ਅਤੇ ਉਸ ਦਾ ਭਾਗ ਬਣ ਜਾਂਦੀ ਹੈ ਅਤੇ ਜਹੋ ਜਹੇ ਕਿਸੇ ਦੇ ਖਿਆਲ ਹੋਣਗੇ ਉਸ ਦਾ ਸੁਭਾਵ, ਰਹਿਣ ਸਹਿਣ ਅਤੇ ਆਚਰਣ ਉਨ੍ਹਾਂ ਖਿਆਲਾਂ ਵਾਲਾ ਹੋ ਜਾਵੇਗਾ । ਫਿਰ ਜਿਸ ਦੇ ਸੁਭਾਵ ਤੇ ਰਹਿਣ ਸਹਿਣ ਸਚ ਪ੍ਰਭਾਵਤ ਹੋਣਗੇ ਉਸ ਪਾਸੋਂ ਝੂਠ ਬਨਾਵਟ ਤਥਾ ਸਚ ਵਿਰੋਧੀ ਕੋਈ ਗੱਲ ਨਹੀਂ ਹੋਵੇਗੀ । ਇਸ ਤਰ੍ਹਾਂ ਇਸ ਵਿਸ਼ਵਾਸ਼ ਨਾਲ ਕਿ ਵਾਹਿਗੁਰੂ ਸਚ ਹੈ, ਉਸ ਦਾ ਸਿਮਰਨ ਇਕ ਮਹਾਨ ਉਤਮ ਕਰਮ ਬਣ ਜਾਂਦਾ ਹੈ ਤੇ ਸਤਿਗੁਰੂ ਜੀਦੇ ਕਥਨ ਅਨੁਸਾਰ ਇਹੋ ਹੀ ਸਾਰਿਆ ਤੋਂ ਸ੍ਰੇਸ਼ਟ ਧਰਮ ਹੈ । ਹੁਣ ਸੋਚਨ ਵਾਲੀ ਗੱਲ ਹੈ ਕਿ ਇਹ ਧਰਮ ਜੋ ਸਚ ਵਲ ਪ੍ਰੇਰਦਾ ਹੈ ਉਨਤੀ ਦ ਰਸਤੇ ਵਿਚ ਰੁਕਾਵਟ ਹੋਵੇਗਾ ਜਾਂ ਉਨਤੀ ਵਿਚ ਸਹਾਈ ਹੋਵੇਗਾ ।



Sri Satguru Jagjit Singh Ji eLibrary NamdhariElibrary@gmail.com

ਇਹ ਕਿਹਾ ਗਿਆ ਹੈ ਕਿ ਉਨਤੀ ਇਕ ਪਰਗਤੀ ਸ਼ੀਲ ਕਰਮ ਹੈ ਅਤੇ ਧਰਮ ਪਰੰਪਰਾ ਵਿਚ ਵਿਸ਼ਵਾਸ਼ ਰਖਦਾ ਹੈ ਇਸ ਲਈ ਧਰਮ ਅਤੇ ਉਨਤੀ ਇਕਠੇ ਨਹੀਂ ਤੁਰ ਸਕਦੇ ।

ਜਿਨ੍ਹਾਂ ਪੰਜ ਪਖਾਂ ਤੋਂ ਅਸੀਂ ਧਰਮ ਦੀ ਵਿਆ-ਖਿਆ ਕੀਤੀ ਹੈ ਇਨ੍ਹਾਂ ਵਿਚੋਂ ਪਹਿਲੇ ਅੰਕ ਨੂੰ, ਜਿਸ ਵਿਚ ਕੁਦਰਤ ਵਲੋਂ ਨੀਯਤ ਤੇ ਅਬਦਲ ਸਥਿਤੀ ਦਾ ਜ਼ਿਕਰ ਹੈ ਜਿਸਦਾ ਉਨਤੀ ਦੇ ਪਖ ਜਾਂ ਵਿਰੋਧ ਵਿਚ ਕੋਈ ਪ੍ਰਭਾਵ ਨਹੀਂ ਪੈਂਦਾ, ਛਡ ਕੇ ਬਾਕੀ ਦੇ ਚਾਰ ਪਖ ਅਜੇਹੇ ਹਨ ਜਿਨਾਂ ਵਿਚ ਧਰਮ ਉਨਤੀ ਦੇ ਰਸਤੇ ਵਿਚ ਰੁਕਾਵਟ ਹੋਣ ਦੇ ਖਿਆਲ ਨੂੰ ਝੁਠਲਾਉਂਦਾ ਹੀ ਨਹੀਂ, ਬਲਕਿ ਅਜੇਹੇ ਧਰਮ ਤੋਂ ਬਿਨਾਂ ਦੁਨੀਆਂ ਅੰਦਰ ਕਿਸੇ ਉਨਤੀ ਦਾ ਹੋਣਾ ਸੰਭਵ ਹੀ ਨਹੀਂ।

ਜੇ ਧਰਮ ਫਰਜ਼ ਹੈ ਤਾਂ ਕੀ ਫਰਜ਼ ਦੀ ਪਛਾਣ ਅਤੇ ਇਸ ਨੂੰ ਪੂਰਾ ਕਰਨ ਦੇ ਜਤਨ ਉਨਤੀ ਦੇ ਰਾਹ ਵਿਚ ਰੁਕਾਵਟ ਹੈ ?

ਜੇ ਧਰਮ ਨੀਤੀ ਤਥਾ ਨਿਆਇ ਹੈ, ਤਾਂ ਕੀ ਨੀਤੀ ਅਨੁਸਾਰ ਤੁਰਣਾ, ਕੀਤੇ ਐਹਦੇ ਪੈਮਾਨ ਤੇ ਕਾਇਮ ਰਹਿਣਾ ਅਤੇ ਨੀਯਤ ਬੰਧਾਨ ਅਤੇ ਅਸੂਲਾਂ ਦੀ ਪਾਲਨਾ ਉਨਤੀ ਦੇ ਕੰਮਾਂ ਵਿਚ ਸਹਾਇਤਾ ਦੇਵੇਗਾ ਜਾਂ ਰੋਕ ਪਾਇਗਾ ?

ਜੇ ਧਰਮ ਵਿਸ਼ਵਾਸ਼ ਹੈ ਭਰੋਸਾ ਹੈ ਯਕੀਨ ਜਾਂ Faith ਹੈ ਜੋ ਅਕਲ (Common Sense) ਉਪਰ ਆਧਾ-ਰਤ ਹੈ ਤਾਂ ਕੀ ਅਜੇਹਾ ਭਰੋਸਾ ਉਨਤੀ ਨੂੰ ਸਫਲ ਬਨਾਉਣ ਲਈ ਦ੍ਰਿੜਤਾ (Determination ਤੇ Perseverance) ਦੇਵੇਗਾ



Sri Satguru Jagjit Singh Ji eLibrary NamdhariElibrary@gmail.com

ਜਾਂ ਵਿਸ਼ਵਾਸ਼ ਹੀਨ ਡੋਲਦਾ ਹੋਇਆ ਮਨ ਉਨਤੀ ਦਾ ਰਾਹ ਵਿਖਾਇਗਾ । ਵਿਸ਼ਵਾਸ਼ ਬਗੈਰ ਸਫਲਤਾ ਸੰਭਵ ਹੀ ਨਹੀਂ ਤਾਂ ਐਸੇ ਧਰਮ (ਵਿਸ਼ਵਾਸ਼) ਤੋਂ ਬਿਨਾਂ ਉਨਤੀ ਕਿਵੇਂ ਹੋਵੇਗੀ ?

ਜੋ ਧਰਮ ਮਜ਼ਹਬ, ਮੱਤ ਜਾਂ ਪੰਥ ਹੈ, ਜੋ ਸਚ ਦਾ ਪੁਜਾਰੀ ਹੈ, ਜੋ ਕੂੜ ਕੁਸੱਤ ਨੂੰ ਲਾਗੇ ਨਹੀਂ ਲੱਗਣ ਦੇਂਦਾ ਜੋ ਸਚ ਹਮੇਸ਼ਾ ਇਕ ਸਾਰ ਰਹਿੰਦਾ ਹੈ-'ਸਚ ਪੁਰਾਣਾ ਹੋਵੈ ਨਾਹੀ' ਜੋ ਵਿਖਾਵੇ ਦੀਆਂ ਰਸਮਾਂ ਰੀਤਾਂ ਉਤੇ ਯਕੀਨ ਨਹੀਂ ਰਖਦਾ, ਜੋ ਮਨੁਖ ਦੀ ਸਚੀ ਤੇ ਸੁਚੀ ਜੀਵਨ ਜੁਗਤ ਦੇ ਰੂਪ ਵਾਲਾ ਹੈ, ਜਿਸ ਨੂੰ ਪਾ ਕੇ ਮਨੁਖ ਦਾ ਆਚਰਣ ਬਣਦਾ ਅਤੇ ਸਚ ਦੀ ਦ੍ਰਿੜਤਾ ਆਉਂਦੀ ਹੈ, ਕੀ ਅਜੇਹਾ ਧਰਮ ਉਨਤੀ ਵਿਚ ਸਹਾਈ ਹੋਵੇਗਾ ਜਾਂ ਉਸ ਦੇ ਲਈ ਰੋਕ ਸਾਬਤ ਹੋਵੇਗਾ । ਸਚ ਦੀ ਦ੍ਰਿੜਤਾ ਆਉਣ ਦਾ ਮਤਲਬ ਸਚਿਆਰ ਅਥਵਾ ਸਚ ਵਾਲੇ ਹੋ ਜਾਣਾ ਹੈ ਉਸ ਦਾ ਵਿਹਾਰ

'ਸਚੁ ਖਾਣਾ ਸਚੁ ਪੈਨਣਾ ਸਚ ਟੇਕ ਹਰਿ ਨਾਉ' 565

ਵਾਲਾ ਹੋ ਜਾਂਦਾ ਹੈ ਉਹ ਫਿਰ

'ਕੂੜੁ ਬੋਲਿ ਕਰਹਿ ਆਹਾਰੁ'

ਨਹੀਂ ਕਰਦਾ । ਐਸੇ ਆਦਮੀ ਦੇ ਸਚ ਗ੍ਰਹਿਨ ਕਰ ਲੈਣ ਦੀ ਵਿਆਖਿਆ ਇਉਂ ਕੀਤੀ ਹੈ

'ਸਚੁ ਤਾਂ ਪਰੁ ਜਾਣੀਐ ਜਾਂ ਸਚਿ ਧਰੇ ਪਿਆਰੁ'

ਓਹ ਹਮੇਸ਼ਾ ਸਚ ਬੋਲਦਾ ਹੈ ਕਿਉਂਕਿ ਸਚ ਨਾਲ਼ ਉਸ ਦਾ ਪਿਆਰ ਉਸ ਨੂੰ ਝੂਠ ਨਹੀਂ ਬੋਲਣ ਦੇਂਦਾ

'ਸਚੁ ਬੋਲੈ ਬੋਲਾਵੈ ਪਿਆਰੁ'



Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਦਸਦੇ ਹਨ ਕਿ ਸਚ ਹੋਰ ਹਰ ਗੱਲ ਤੋਂ ਉਪਰ ਹੈ। ਪ੍ਰੰਤੂ ਜਿਸ ਮਨੁਖ ਦਾ ਆਚਰਨ ਸਚ ਵਾਲਾ ਹੈ ਓਹ ਸਚ ਤੋਂ ਭੀ ਉਪਰ ਹੈ। ਅਥਵਾ ਸਚੀ ਰਹਿਣੀ ਸਚ ਤੋਂ ਭੀ ਅਫਜ਼ਲ (ਉਚੀ) ਹੈ:

'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' 62

ਪ੍ਰੰਤੂ ਮੁਕੰਮਲ (Complete) ਸਚ ਤਾਂ ਨਿਰੰਕਾਰ ਹੈ, ਇਸ ਲਈ ਸਚ ਵਾਲਾ ਬਨਣ ਲਈ ਨਿਰੰਕਾਰ ਵਾਲਾ ਬਨਣਾ ਪੈਂਦਾ ਹੈ-ਜੋ ਨਿਰੰਕਾਰ ਦੀ ਯਾਦ ਅੰਦਰ ਸਮਾਏ ਹੋਣ ਨਾਲ ਹੀ ਹੋ ਸਕਦਾ ਹੈ। ਇਸੇ ਲਈ ਇਹ ਫੁਰਮਾਣ ਹੈ

'ਸਰਬ ਧਰਮ ਮਹਿ ਸ੍ਰੇਸ਼ਟ ਧਰਮੁ
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ' 266

ਇਸ ਤਰ੍ਹਾਂ ਉਨਤੀ ਵਾਲਾ ਹਰ ਕਾਰਜ ਜੋ ਸਚ ਤੇ ਉਸਰਿਆ ਹੈ ਅਥਵਾ ਜਿਸ ਦਾ ਆਧਾਰ (base) ਸਚ ਹੈ ਕਦੀ ਨਾ-ਕਾਮਯਾਬ (Fail) ਨਹੀਂ ਹੁੰਦਾ।

ਉਨਤੀ ਠੀਕ ਪਰਗਤੀ ਸ਼ੀਲ ਕਰਮ ਹੈ ਪਰ ਜਿਸ ਧਰਮ ਵਿਚ ਫਰਜ਼ ਦੀ ਪਛਾਣ ਹੈ, ਜਿਸ ਨੂੰ ਆਪਨੀ ਸਫਲਤਾ ਤੇ ਵਿਸ਼ਵਾਸ਼ ਹੈ, ਜੋ ਕਦੀ ਅਨਿਆਂ ਦੇ ਰਾਹ ਨਹੀਂ ਪੈਂਦਾ ਜੋ ਸਚ ਤੇ ਦ੍ਰਿੜ ਖੜਾ ਹੈ' ਅਜੇਹੇ ਧਰਮ ਬਿਨਾਂ ਕੋਈ ਪਰਗਤੀ ਕਦੀ ਸੰਭਵ ਨਹੀਂ, ਇਸ ਲਈ ਜੇ ਕਰ ਸੰਸਾਰ ਨੇ ਸਚ ਮੁਚ ਹੀ ਉਨਤ ਹੋਣਾ ਹੈ ਤਾਂ ਉਸ ਦੇ ਲਈ ਇਕੋ ਇਕ ਰਾਹ ਹੈ ਕਿ ਓਹ ਧਰਮ ਨੂੰ ਅਪਨਾਵੇ, ਧਰਮ ਦੀ ਦ੍ਰਿੜਤਾ ਆਪਨੇ ਅੰਦਰ ਲਵੇ ਅਤੇ ਧਰਮ ਦੇ ਪ੍ਰਕਾਸ਼ ਦੁਆਰਾ ਉਨਤੀ ਦੇ ਰਸਤੇ ਦੀਆਂ ਅੰਧੇਰੀਆਂ ਭੁਲ ਭੁਲਈਆਂ ਨੂੰ ਪਾਰ ਕਰਕੇ ਸਫਲਤਾ ਦਾ ਮੂੰਹ ਵੇਖੇ।



Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਇਸ ਮਿਸ਼ਨ ਵਲੋਂ 1963 ਤੋਂ ਲੈ ਕੇ ਹੁਣ ਤਕ 341 ਟ੍ਰੈਕਟ ਅਤੇ ਦਸ ਕੁ ਵਡੇਰੇ ਪੁਸਤਕ ਪ੍ਰਕਾਸ਼ਤ ਹੋਏ ਹਨ ਤੇ ਇਹ ਸੇਵਾ ਵਧੇਰੇ ਉਤਸ਼ਾਹ ਨਾਲ ਜਾਰੀ ਹੈ। 1988 ਤੋਂ ਸਾਲ ਭਰ ਵਿਚ ਵੀਹ ਟ੍ਰੈਕਟ ਪ੍ਰਕਾਸ਼ਤ ਕਰਨਾ ਮਿਥਿਆ ਗਿਆ ਹੈ ਸਾਲਾਨਾ ਚੰਦਾ ਵੀਹ ਰੁਪੈ ਤੇ ਜੀਵਨ ਪ੍ਰਯੰਤ ਇਕੋ ਵਾਰ ਦੇਣ ਯੋਗ ਚੰਦਾ 150 ਰੁਪੈ ਹੈ। ਪਰਦੇਸ਼ ਲਈ300 ਰੁਪੈ ਅਤੇ ਹਵਾਈ ਡਾਕ ਲਈ 500 ਰੁਪੈ ਹੈ। ਹਰ ਮੈਂਬਰ ਨੂੰ ਟ੍ਰੈਕਟ ਫਰੀ ਜਾਂਦਾ ਹੈ।

ਮਿਸ਼ਨ ਵਲੋਂ ਹਿੰਦੀ ਵਿਚ ਟ੍ਰੈਕਟ ਪ੍ਰਕਾਸ਼ਤ ਕਰ ਕੇ ਨਾਗਪੁਰ ਦੇ ਗਿਰਦੋ ਨਵਾਹ 'ਚ ਵਸਦੇ ਦੋ ਕ੍ਰੋੜ ਦੇ ਲਗਭਗ ਵਣਜਾਰੇ ਸਿਕਲੀਗਰ ਆਦ ਜਾਤੀਆਂ ਵਿਚ ਵੰਡਣ ਲਈ 'ਗੁਰੂ ਨਾਨਕ ਬੈਕ ਵਰਡ ਕਲਾਸਜ ਸੇਵਾ ਸਮਾਜ' ਨੂੰ ਭੇਜੇ ਜਾਂਦੇ ਹਨ। ਇਹ ਸਮਾਜ ਕਈ ਬਰਸਾਂ ਤੋਂ ਇਸ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਨਿਬਾਹ ਰਿਹਾ ਹੈ।

ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਮਿਸ਼ਨ ਕਾਲਜ ਵਿਦਿਆਰਥੀਆਂ ਦੇ ਸਾਲਾਨਾ ਧਾਰਮਕ ਇਮਤਿਹਾਨ ਲੈ ਕੇ ਜੇਤੂ ਵਿਦਿਆਰਥੀਆਂ ਨੂੰ ਕੈਸ਼ ਤੇ ਪੁਸਤਕ ਇਨਾਮ ਦੇਂਦਾ ਹੈ, ਜਿਨ੍ਹਾਂ ਦੀ ਘਟੋ ਘਟ ਗਿਣਤੀ ਸਾਲ ਅੰਦਰ 88 ਹੈ।

ਸਕੱਤਰ

Sri Satguru Jagjit Singh Ji eLibrary NamdhariElibrary@gmail.com